**ਪੰਜਾਬ ਸਰਕਾਰ**

**ਟਰਾਂਸਪੋਰਟ ਵਿਭਾਗ**

**(ਟਰਾਂਸਪੋਰਟ-2 ਸ਼ਾਖਾ)**

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀਆਂ,
ਮੰਡਲ ਕਮਿਸ਼ਨਰਾਂ ਅਤੇ ਡਿਪਟੀ ਕਮਿਸ਼ਨਰਾਂ,
ਬੋਰਡ, ਕਾਰਪੋਰੇਸ਼ਨ,ਆਟੋਨੋਮਸ ਬਾਡੀਜ਼, ਅਰਧ ਸਰਕਾਰ ਕਮਿਸ਼ਨ।

ਮੀਮੋ ਨੰ.1/27/2023--4T2/ 1657
ਮਿਤੀ,ਚੰਡੀਗੜ੍ਹ: 14/9/23

ਵਿਸ਼ਾ:- ਡੈਪੂਟੇਸ਼ਨ ਆਧਾਰ ਤੇ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ ਟਰਾਂਸਪੋਰਟ ਵਿਭਾਗ ਵਿਖੇ ਸਹਾਇਕ ਟਰਾਂਸਪੋਰਟ ਅਫਸਰ ਦੀਆਂ ਸੇਵਾਵਾਂ ਦੀ ਲੋੜ ਸਬੰਧੀ।

****

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਦਫਤਰ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ ਟਰਾਂਸਪੋਰਟ ਵਿਭਾਗ ਵਿਖੇ ਸਹਾਇਕ ਟਰਾਂਸਪੋਰਟ ਅਫਸਰ ਦੀਆਂ 37 ਅਸਾਮੀਆਂ (ਛੇਵੇਂ ਪੇਅ ਕਮਿਸ਼ਨ ਅਨੁਸਾਰ 43000/- ਰੁਪਏ ਦੇ ਲੈਵਲ-12) ਜਾਂ 7ਵੇਂ ਪੇਅ ਕਮਿਸ਼ਨ ਅਨੁਸਾਰ 35400 (level-6) ਅਧੀਨ ਡੈਪੂਟੇਸ਼ਨ ਆਧਾਰ ਤੇ ਭਰੀਆਂ ਜਾਣੀਆਂ ਹਨ। ਵਿਭਾਗੀ ਨਿਯਮਾਂ ਵਿੱਚ ਸਹਾਇਕ ਟਰਾਂਸਪੋਰਟ ਅਫਸਰ ਦੀ ਅਸਾਮੀ ਦੀ ਯੋਗਤਾ ਹੇਠ ਲਿਖੇ ਅਨੁਸਾਰ ਹੈ:-

| **ਲੜੀ ਨੰ.** | **ਅਹੁਦਾ** | **ਗਿਣਤੀ** | **ਯੋਗਤਾ** |
|---|---|---|---|
| 1 | Assistant Transport Officers | 37 | **By Direct:**<br>Should be a graduate of a recognised university institution and should have qualified a test as per syllabus specified in Appendix 'D' to be held by the Board.<br>**By Promotion**:<br>From amongst the Senior Assistants/Senior Assistants (Account), Junior Audiors and Draftsmen who have an experience of working on any one of these posts for a minimum period of five years. |

3. ਉਪਰੋਕਤ ਯੋਗਤਾ/ਤਜ਼ਰਬਾ ਰੱਖਣ ਵਾਲੇ ਕਰਮਚਾਰੀ, ਜਿਹੜੇ ਕਿ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ ਟਰਾਂਸਪੋਰਟ ਵਿਭਾਗ ਵਿਖੇ ਡੈਪੂਟੇਸ਼ਨ ਆਧਾਰ ਤੇ ਕੰਮ ਕਰਨਾ ਚਾਹੁੰਦੇ ਹਨ, ਦਾ ਪੈਨਲ/ਪ੍ਰਤੀਬੇਨਤੀ, **ਇਸ ਦਫਤਰ ਨੂੰ ਮਿਤੀ 15.10.2023 ਤੱਕ ਭੇਜੀ ਜਾਵੇ।** ਸਬੰਧਤ/ਚਾਹਵਾਨ ਕਰਮਚਾਰੀ ਦੇ ਹੇਠ ਅਨੁਸਾਰ ਸੂਚਨਾ/ਦਸਤਾਵੇਜ਼ ਤਸਦੀਕ ਕਰਨ ਉਪਰੰਤ ਇਸ ਦਫਤਰ ਨੂੰ ਮੁਹੱਈਆ ਕਰਵਾਏ ਜਾਣ:-

ੳ) ਪਿਛਲੇ ਪੰਜ ਸਾਲਾਂ ਦੀਆਂ ਸਲਾਨਾਂ ਗੁਪਤ ਰਿਪੋਰਟ ਦਾ ਸਾਰ ਤਸਦੀਕਸ਼ੁਦਾ, ਇਨ੍ਹਾਂ ਸਾਲਾਨਾਂ ਗੁਪਤ ਰਿਪੋਰਟ ਦੀਆਂ ਕਾਪੀਆਂ ਵੀ ਭੇਜੀਆਂ ਜਾਣ।
ਅ) ਦੋਸ਼ ਸੂਚੀ, ਵਿਭਾਗੀ ਪੜਤਾਲ, ਵਿਜੀਲੈਂਸ ਪੜਤਾਲ, ਕੋਰਟ ਕੇਸ ਪੈਡਿੰਗ ਨਾ ਹੋਣ ਬਾਰੇ ਸਰਟੀਫਿਕੇਟ।
ੲ) ਰਿਕਾਰਡ ਅਨੁਸਾਰ ਸਬੰਧਤੀ ਅਧਿਕਾਰੀ ਦੀ ਜਨਮ ਮਿਤੀ ਅਤੇ ਬਣਦੀ ਰਿਟਾਇਰਮੈਂਟ ਮਿਤੀ ਸਬੰਧੀ ਸਰਟੀਫਿਕੇਟ/ਦਸਤਾਵੇਜ।
ਸ) ਅਧਿਕਾਰੀ ਦੀ ਵਿਦਿਅਕ ਯੋਗਤਾ ਸਬੰਧੀ ਤਸਦੀਕਸ਼ੁਦਾ ਸਰਟੀਫਿਕੇਟ।
ਹ) ਅਧਿਕਾਰੀ ਦੇ ਪੇਅ ਸਕੇਲ ਸਬੰਧੀ ਸਟੀਫਿਕੇਟ।
ਕ) ਪਰਖਕਾਲ ਸਮਾਂ ਪਾਰ ਕਰਨ ਸਬੰਧੀ ਹੁਕਮ ਦੀ ਤਸਦੀਕਸ਼ੁਦਾ ਕਾਪੀ
ਖ) ਵਿਭਾਗ ਵਿੱਚ ਪੱਕਾ (Confirm) ਹੋਣ ਸਬੰਧੀ ਹੁਕਮਾਂ ਦੀ ਤਸਦੀਕਸ਼ੁਦਾ ਕਾਪੀ।

14/9/23
ਸੁਪਰਡੰਟ

ਉਪਰੋਕਤ ਦਾ ਇੱਕ ਉਤਾਰ ਸਮੂਹ ਵਿੱਤੀ ਕਮਿਸ਼ਨਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਅਧੀਨ ਵਿਭਾਗਾਂ ਵਲੋਂ ਇਸ ਸਬੰਧੀ ਤੁਰੰਤ ਕਾਰਵਾਈ ਕਰਵਾਉਣ ਦੀ ਕਿਰਪਾਲਤਾ ਕਰਨ।

14/9/23
ਸੁਪਰਡੰਟ

ਸੇਵਾ ਵਿਖੇ,

ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ,ਪੰਜਾਬ ਸਰਕਾਰ।

ਅੰ.ਵਿ.ਪੱ.ਨੰ.1/07/2023-4T2 /1658 ਮਿਤੀ,ਚੰਡੀਗੜ੍ਹ: 14/9/23

Service Matter Solutions Punjab, https://smspunjab.in